ਮਿੱਠੇ ਬੱਚੇ:- ਇਹ ਪੜ੍ਹਾਈ ਸੋਰਸ ਆਫ ਇਨਕਮ ਹੈ , ਇਸ ਨਾਲ ਤੁਸੀਂ ਮਨੁੱਖ ਤੋਂ ਦੇਵਤਾ ਬਣਦੇ ਹੋ , 21 ਜਨਮਾਂ ਦੇ ਲਈ ਸੱਚੀ ਕਮਾਈ ਹੋ ਜਾਂਦੀ ਹੈ ”

ਪ੍ਰਸ਼ਨ:- ਬਾਪ ਜੋ ਮਿੱਠੀ - ਮਿੱਠੀ ਗੱਲਾਂ ਸੁਣਾਉਂਦੇ ਹਨ ਉਹ ਧਾਰਨ ਕਦੋਂ ਹੋਣਗੀਆਂ?

ਉੱਤਰ:- ਜਦੋਂ ਬੁੱਧੀ ਤੇ ਪਰਮਤ ਅਤੇ ਮਨਮਤ ਦਾ ਪ੍ਰਭਾਵ ਨਹੀਂ ਹੋਵੇਗਾ। ਜੋ ਬੱਚੇ ਸੁਣੀ ਸੁਣਾਈ ਗੱਲਾਂ ਤੇ ਚਲਦੇ ਹਨ, ਉਨ੍ਹਾਂ ਦੀ ਬੁੱਧੀ ਵਿੱਚ ਧਾਰਨਾ ਹੋ ਨਹੀਂ ਸਕਦੀ। ਸਿਵਾਏ ਗਿਆਨ ਦੇ ਹੋਰ ਕੁਝ ਵੀ ਕੋਈ ਸੁਣਾਉਂਦਾ ਹੈ ਤਾਂ ਉਹ ਜਿਵੇਂ ਦੁਸ਼ਮਣ ਹੈ। ਝੂਠੀਆਂ ਗੱਲਾਂ ਸੁਣਾਉਣ ਵਾਲੇ ਬਹੁਤ ਹਨ ਇਸਲਈ ਹਿਯਰ ਨੋ ਇਵਿਲ, ਸੀ ਨੋ ਇਵਿਲ, ਮਨੁੱਖ ਤੋਂ ਦੇਵਤਾ ਬਣਨ ਦੇ ਲਈ ਇੱਕ ਬਾਪ ਦੀ ਸ਼੍ਰੀਮਤ ਤੇ ਹੀ ਚਲਣਾ ਹੈ।

ਗੀਤ:- ਸਾਡੇ ਤੀਰਥ ਨਿਆਰੇ ਹਨ...

ਓਮ ਸ਼ਾਂਤੀ। ਇਸ ਗੀਤ ਵਿੱਚ ਜਿਵੇਂ ਕਿ ਆਪਣੀ ਮਹਿਮਾ ਕਰਦੇ ਹਨ। ਆਪਣੀ ਮਹਿਮਾ ਅਸਲ ਵਿੱਚ ਕੀਤੀ ਨਹੀਂ ਜਾਂਦੀ ਹੈ। ਇਹ ਤਾਂ ਸਭ ਸਮਝਣ ਦੀਆਂ ਗੱਲਾਂ ਹਨ ਜੋ ਭਾਰਤਵਾਸੀ ਬਹੁਤ ਸਮਝਦਾਰ ਸਨ, ਹੁਣ ਬੇਸਮਝ ਬਣੇ ਹਨ। ਹੁਣ ਪ੍ਰਸ਼ਨ ਉੱਠਦਾ ਹੈ, ਸਮਝਦਾਰ ਕੌਣ ਸੀ? ਇਹ ਕਿੱਥੇ ਵੀ ਲਿਖਿਆ ਹੋਇਆ ਨਹੀਂ ਹੈ। ਤੁਸੀਂ ਹੋ ਗੁਪਤ। ਕਿੰਨੀ ਵੰਡਰਫੁਲ ਗੱਲਾਂ ਹਨ। ਇੱਕ ਤਾਂ ਬਾਪ ਕਹਿੰਦੇ ਹਨ ਮੇਰੇ ਦਵਾਰਾ ਹੀ ਬੱਚੇ ਮੈਨੂੰ ਜਾਣ ਸਕਦੇ ਹਨ। ਫਿਰ ਮੇਰੇ ਦਵਾਰਾ ਸਭ ਕੁਝ ਜਾਣ ਜਾਂਦੇ ਹਨ। ਸ੍ਰਿਸ਼ਟੀ ਦੇ ਆਦਿ ਮੱਧ ਅੰਤ ਦਾ ਜੋ ਖੇਡ ਹੈ, ਉਨ੍ਹਾਂ ਨੂੰ ਸਮਝ ਜਾਂਦੇ ਹਨ। ਹੋਰ ਕੋਈ ਵੀ ਨਹੀਂ ਜਾਣਦੇ ਹਨ ਅਤੇ ਇੱਕ ਮੁੱਖ ਭੁੱਲ ਕੀਤੀ ਹੈ ਜੋ ਨਿਰਾਕਾਰ ਪਰਮਪਿਤਾ ਪਰਮਾਤਮਾ ਸ਼ਿਵ ਦੇ ਬਦਲੇ ਕ੍ਰਿਸ਼ਨ ਦਾ ਨਾਮ ਪਾ ਦਿੱਤਾ ਹੈ। ਪਹਿਲਾ ਨੰਬਰ ਸ਼ਾਸਤਰ ਜਿਨ੍ਹਾਂ ਨੂੰ ਸ਼੍ਰੀਮਤ ਭਾਗਵਤ ਗੀਤਾ ਕਹਿੰਦੇ ਉਹ ਹੀ ਰਾਂਗ ਹੋ ਗਿਆ ਹੈ ਇਸਲਈ ਪਹਿਲੇ - ਪਹਿਲੇ ਤਾਂ ਸਿੱਧ ਕਰਨਾ ਹੈ ਕਿ ਭਗਵਾਨ ਇੱਕ ਹੈ। ਫਿਰ ਪੁੱਛਣਾ ਹੈ ਗੀਤਾ ਦਾ ਭਗਵਾਨ ਕੌਣ? ਭਾਰਤ ਦਾ ਆਦਿ ਸਨਾਤਨ ਦੇਵੀ ਦੇਵਤਾ ਧਰਮ ਹੈ। ਜੇ ਨਵਾਂ ਧਰਮ ਕਹੀਏ ਤਾਂ ਬ੍ਰਾਹਮਣ ਧਰਮ ਹੀ ਕਹਿਣਗੇ। ਪਹਿਲੇ ਚੋਟੀ ਹੈ ਬ੍ਰਾਹਮਣ ਫਿਰ ਦੇਵਤਾ। ਉੱਚ ਤੇ ਉੱਚ ਬ੍ਰਾਹਮਣ ਧਰਮ ਹੈ। ਜੋ ਬ੍ਰਾਹਮਣ ਬ੍ਰਹਮਾ ਦਵਾਰਾ ਪਰਮਪਿਤਾ ਪਰਮਾਤਮਾ ਰਚਦੇ ਹਨ, ਉਹ ਹੀ ਬ੍ਰਾਹਮਣ ਫਿਰ ਦੇਵਤਾ ਬਣਦੇ ਹਨ। ਮੁੱਖ ਗੱਲ ਹੈ ਭਗਵਾਨ ਸਭ ਦਾ ਬਾਪ ਹੈ, ਨਵੀਂ ਦੁਨੀਆਂ ਦਾ ਰਚਤਾ। ਜਰੂਰ ਨਵੀਂ ਦੁਨੀਆਂ ਹੀ ਰਚਣਗੇ ਨਾ। ਨਵੀਂ ਦੁਨੀਆਂ ਵਿੱਚ ਨਵਾਂ ਭਾਰਤ ਹੁੰਦਾ ਹੈ। ਜਨਮ ਵੀ ਭਾਰਤ ਵਿੱਚ ਲੀਤਾ ਹੈ। ਭਾਰਤ ਨੂੰ ਹੀ ਸ੍ਵਰਗ ਬਣਾ ਰਹੇ ਹਨ ਬ੍ਰਹਮਾ ਦਵਾਰਾ। ਤੁਹਾਨੂੰ ਆਪਣਾ ਬਣਾਕੇ ਫਿਰ ਪੜ੍ਹਾਉਂਦੇ ਹਨ ਮਨੁੱਖ ਤੋਂ ਦੇਵਤਾ ਬਣਾਉਣ ਲਈ। ਪਹਿਲੇ ਤੁਸੀਂ ਸ਼ੂਦ੍ਰ ਵਰਨ ਦੇ ਸੀ ਫਿਰ ਆਏ ਬ੍ਰਾਹਮਣ ਵਰਨ ਵਿੱਚ ਫਿਰ ਦੈਵੀ ਵਰਨ ਵਿੱਚ। ਪਿੱਛੇ ਵ੍ਰਿਧੀ ਹੁੰਦੀ ਰਹਿੰਦੀ ਹੈ। ਇੱਕ ਧਰਮ ਤੋਂ ਕਈ ਧਰਮ ਹੋ ਜਾਂਦੇ ਹਨ। ਟਾਲ ਟਾਲੀਆਂ ਵੀ ਸਭ ਧਰਮਾਂ ਦੀ ਬਣ ਜਾਂਦੀ ਹੈ, ਹਰ ਇੱਕ ਧਰਮ ਤੋਂ ਨਿਕਲਦੀ ਹੈ। ਤਿੰਨ ਟਿਊਬਸ ਹੁੰਦੀ ਹੈ ਨਾ। ਇਹ ਹੈ ਮੁੱਖ। ਹਰ ਇੱਕ ਤੋਂ ਆਪਣੀ - ਆਪਣੀ ਸ਼ਾਖਾ ਨਿਕਲਦੀ ਹੈ। ਮੁੱਖ ਹੈ ਫਾਊਂਡੇਸ਼ਨ ਫਿਰ ਤਿੰਨ ਟਿਊਬਸ ਮੁੱਖ ਹਨ। ਥੁਰ ਹੈ ਆਦਿ ਸਨਾਤਨ ਦੇਵੀ ਦੇਵਤਾ ਧਰਮ ਦਾ। ਜੋ ਹੁਣ ਸਭ ਰਾਜਯੋਗ ਸਿੱਖ ਰਹੇ ਹੋ। ਦਿਲਵਾੜਾ ਮੰਦਿਰ ਬੜਾ ਚੰਗਾ ਬਣਿਆ ਹੋਇਆ ਹੈ, ਉਨ੍ਹਾਂ ਵਿੱਚ ਸਾਰੀ ਸਮਝਾਉਣੀ ਹੈ। ਬੱਚੇ ਇੱਥੇ ਬੈਠੇ ਹਨ ਕਲਪ ਪਹਿਲੇ ਵੀ ਤੁਸੀਂ ਰਾਜਯੋਗ ਦੀ ਤਪੱਸਿਆ ਕੀਤੀ ਸੀ। ਜਿਵੇਂ ਕ੍ਰਾਈਸਟ ਦਾ ਯਾਦਗਾਰ ਕ੍ਰਿਸ਼ਚਨ ਦੇਸ਼ ਵਿਚ ਹੈ। ਉਵੇਂ ਤੁਸੀਂ ਬੱਚਿਆਂ ਨੇ ਇੱਥੇ ਤਪੱਸਿਆ ਕੀਤੀ ਹੈ ਤਾਂ ਤੁਹਾਡਾ ਵੀ ਯਾਦਗਾਰ ਇੱਥੇ ਹੈ। ਹੈ ਬੜਾ ਸਹਿਜ। ਪਰ ਕੋਈ ਵੀ ਜਾਣਦੇ ਨਹੀਂ ਹਨ। ਸੰਨਿਆਸੀ ਲੋਕ ਤਾਂ ਕਹਿ ਦਿੰਦੇ ਹਨ ਇਹ ਸਭ ਕਲਪਨਾ ਹੈ, ਜਿਵੇਂ ਜੋ ਕਲਪਨਾ ਕਰੇ। ਤੁਹਾਡੇ ਲਈ ਵੀ ਕਹਿੰਦੇ ਹਨ ਇਹ ਚਿੱਤਰ ਆਦਿ ਸਭ ਕਲਪਨਾ ਨਾਲ ਬਣਾਏ ਹਨ। ਜਦੋਂ ਤੱਕ ਬਾਪ ਨੂੰ ਜਾਨਣ, ਕਲਪਨਾ ਹੀ ਸਮਝਦੇ ਹਨ। ਨਾਲੇਜਫੁੱਲ ਤਾਂ ਇੱਕ ਬਾਪ ਹੈ ਨਾ। ਤਾਂ ਮੁੱਖ ਹੈ ਬਾਪ ਦਾ ਪਰਿਚੈ ਦੇਣਾ। ਉਹ ਬਾਪ ਸ੍ਵਰਗ ਦਾ ਵਰਸਾ ਦਿੰਦੇ ਹਨ, ਕਲਪ ਪਹਿਲੇ ਵੀ ਦਿੱਤਾ ਸੀ। ਫਿਰ 84 ਜਨਮ ਲੈਣਾ ਪਵੇ। ਭਾਰਤਵਾਸਿਆਂ ਦੇ ਹੀ 84 ਜਨਮ ਹੁੰਦੇ ਹਨ। ਫਿਰ ਸੰਗਮਯੁਗ ਤੇ ਬਾਪ ਆਕੇ ਰਾਜਧਾਨੀ ਦੀ ਸਥਾਪਨਾ ਕਰਦੇ ਹਨ। ਤੁਸੀਂ ਬੱਚਿਆਂ ਨੇ ਬਾਪ ਦਵਾਰਾ ਸਮਝਿਆ ਹੈ। ਜਦੋਂ ਚੰਗੀ ਰੀਤੀ ਸਮਝਣ, ਬੁੱਧੀ ਵਿੱਚ ਬੈਠੇ ਤਾਂ ਖੁਸ਼ੀ ਵੀ ਰਹੇ।

ਇਹ ਪੜ੍ਹਾਈ ਬਹੁਤ ਸੋਰਸ ਆਫ ਇਨਕਮ ਹੈ। ਪੜ੍ਹਾਈ ਨਾਲ ਹੀ ਮਨੁੱਖ ਬੈਰਿਸਟਰ ਆਦਿ ਬਣਦੇ ਹਨ। ਪਰ ਇਹ ਪੜ੍ਹਾਈ ਮਨੁੱਖ ਤੋਂ ਦੇਵਤਾ ਬਣਨ ਦੀ ਹੈ। ਪ੍ਰਾਪਤੀ ਕਿੰਨੀ ਭਾਰੀ ਹੈ। ਇਨ੍ਹਾਂ ਵਾਂਗੂੰ ਪ੍ਰਾਪਤੀ ਕੋਈ ਕਰਾ ਨਾ ਸਕੇ। ਗ੍ਰੰਥ ਵਿੱਚ ਗਾਇਆ ਹੋਇਆ ਹੈ - ਮਨੁੱਖ ਤੋਂ ਦੇਵਤਾ ਕੀਏ ਕਰਤ ਨਾ ਲਾਗੀ ਵਾਰ। ਪਰ ਮਨੁੱਖਾਂ ਦੀ ਬੁੱਧੀ ਚਲਦੀ ਨਹੀਂ। ਜਰੂਰ ਉਹ ਦੇਵੀ - ਦੇਵਤਾ ਧਰਮ ਪਰਾਏ ਲੋਪ ਹੋ ਗਿਆ ਹੈ, ਤਾਂ ਹੀ ਤੇ ਲਿਖਦੇ ਹਨ ਮਨੁੱਖ ਤੋਂ ਦੇਵਤਾ ਬਣੋ। ਦੇਵਤਾ ਸਤਿਯੁਗ ਵਿੱਚ ਸਨ। ਉਨ੍ਹਾਂ ਨੂੰ ਜਰੂਰ ਭਗਵਾਨ ਨੇ ਸੰਗਮ ਤੇ ਰਚਿਆ ਹੋਵੇਗਾ। ਕਿਵੇਂ ਰਚਿਆ? ਇਹ ਨਹੀਂ ਜਾਣਦੇ। ਗੁਰੂ ਨਾਨਕ ਨੇ ਵੀ ਪਰਮਾਤਮਾ ਦੀ ਮਹਿਮਾ ਗਾਈ ਹੈ। ਉਨ੍ਹਾਂ ਵਰਗਾ ਮਹਿਮਾ ਕੋਈ ਨੇ ਨਹੀਂ ਗਾਈ ਹੈ ਇਸਲਈ ਗ੍ਰੰਥ ਨੂੰ ਭਾਰਤ ਵਿੱਚ ਪੜ੍ਹਦੇ ਹਨ। ਗੁਰੂਨਾਨਕ ਦਾ ਕਲਯੁਗ ਵਿੱਚ ਅਵਤਾਰ ਹੁੰਦਾ ਹੈ। ਉਹ ਹੈ ਧਰਮ ਸਥਾਪਕ। ਰਾਜਾਈ ਤਾਂ ਪਿੱਛੋਂ ਹੋਈ ਹੈ। ਬਾਪ ਨੇ ਤਾਂ ਇਹ ਦੇਵੀ ਦੇਵਤਾ ਧਰਮ ਸਥਾਪਨਾ ਕੀਤਾ ਹੈ। ਅਸਲ ਵਿੱਚ ਨਵੀਂ ਦੁਨੀਆਂ

ਬ੍ਰਾਹਮਣਾਂ ਦੀ ਹੀ ਕਹਿਣ। ਚੋਟੀ ਭਾਵੇਂ ਬ੍ਰਾਹਮਣਾਂ ਦੀ ਹੈ ਪਰ ਰਾਜਧਾਨੀ ਦੇਵੀ ਦੇਵਤਾਵਾਂ ਤੋਂ ਸ਼ੁਰੂ ਹੁੰਦੀ ਹੈ। ਤੁਸੀਂ ਬ੍ਰਾਹਮਣ ਰਚੇ ਹੋਏ ਹੋ। ਤੁਹਾਡੀ ਰਾਜਧਾਨੀ ਨਹੀਂ ਹੈ। ਤੁਸੀਂ ਆਪਣੇ ਲਈ ਰਾਜਧਾਨੀ ਸਥਾਪਨ ਕਰਦੇ ਹੋ। ਬੜੀ ਵੰਡਰਫੁਲ ਗੱਲਾਂ ਹਨ। ਮਨੁੱਖ ਨੂੰ ਕੁਝ ਨਹੀਂ ਜਾਣਦੇ ਹਨ। ਪਹਿਲੇ - ਪਹਿਲੇ ਆਪਣੇ ਨੂੰ ਮਾਲੂਮ ਹੋਇਆ ਤਾਂ ਆਪਣੇ ਦਵਾਰਾ ਦੂਜਿਆਂ ਨੂੰ ਮਾਲੂਮ ਹੁੰਦਾ ਹੈ। ਤੁਸੀਂ ਸ਼ੂਦ੍ਰ ਤੋਂ ਬ੍ਰਾਹਮਣ ਬਣੇ ਹੋ। ਬ੍ਰਹਮਾ ਨੂੰ ਵੀ ਹੁਣ ਬਾਪ ਦਵਾਰਾ ਮਾਲੂਮ ਪੈਂਦਾ ਹੈ। ਇੱਕ ਨੂੰ ਦੱਸਿਆ ਤਾਂ ਬੱਚਿਆਂ ਨੂੰ ਵੀ ਦੱਸਣਾ ਹੁੰਦਾ ਹੈ। ਉਨ੍ਹਾਂ ਦੇ ਤਨ ਦਵਾਰਾ ਤੁਸੀਂ ਬੱਚਿਆਂ ਨੂੰ ਬੈਠ ਸਮਝਾਉਂਦੇ ਹਨ। ਇਹ ਹੈ ਅਨੁਭਵ ਦੀਆਂ ਗੱਲਾਂ। ਸ਼ਾਸਤਰਾਂ ਤੋਂ ਤਾਂ ਕੋਈ ਕੁਝ ਵੀ ਸਮਝ ਨਾ ਸਕੇ। ਬਾਪ ਕਹਿੰਦੇ ਹਨ ਸਾਰੇ ਕਲਪ ਵਿੱਚ ਇੱਕ ਹੀ ਵਾਰ ਮੈਂ ਇਵੇਂ ਹੀ ਆਕੇ ਸਮਝਾਉਦਾ ਹਾਂ। ਹੋਰ ਕਈ ਧਰਮਾਂ ਦਾ ਵਿਨਾਸ਼, ਇੱਕ ਧਰਮ ਦੀ ਸਥਾਪਨਾ ਕਰਾਉਂਦਾ ਹਾਂ। ਇਹ 5 ਹਜ਼ਾਰ ਵਰ੍ਹੇ ਦਾ ਖੇਡ ਹੈ। ਤੁਸੀਂ ਬੱਚੇ ਜਾਣਦੇ ਹੋ ਅਸੀਂ 84 ਜਨਮ ਲੀਤੇ ਹਨ। ਵਿਸ਼ਨੂੰ ਦੀ ਨਾਭੀ ਤੋਂ ਬ੍ਰਹਮਾ ਵਿਖਾਉਂਦੇ ਹਨ। ਬ੍ਰਹਮਾ ਅਤੇ ਵਿਸ਼ਨੂੰ ਇਹ ਕਿਸ ਦੇ ਬੱਚੇ ਹਨ? ਦੋਵੇਂ ਬੱਚੇ ਠਹਿਰੇ ਸ਼ਿਵ ਦੇ। ਉਹ ਹੈ ਰਚਤਾ, ਉਹ ਰਚਨਾ। ਇਨ੍ਹਾਂ ਗੱਲਾਂ ਨੂੰ ਕੋਈ ਸਮਝ ਨਾ ਸਕੇ। ਬਿਲਕੁਲ ਨਵੀਂ ਗੱਲ ਹੈ। ਬਾਬਾ ਵੀ ਕਹਿੰਦੇ ਹਨ ਇਹ ਨਵੀਂਆਂ ਗੱਲਾਂ ਹਨ। ਕੋਈ ਸ਼ਾਸਤਰਾਂ ਵਿੱਚ ਇਹ ਗੱਲਾਂ ਹੋ ਨਾ ਸਕਣ। ਗਿਆਨ ਦਾ ਸਾਗਰ ਬਾਪ ਹੈ, ਉਹ ਹੀ ਗੀਤਾ ਦਾ ਭਗਵਾਨ ਹੈ। ਭਗਤੀ ਮਾਰਗ ਵਿੱਚ ਸ਼ਿਵ ਜਯੰਤੀ ਵੀ ਮਨਾਉਂਦੇ ਹਨ। ਸਤਿਯੁਗ ਤ੍ਰੇਤਾ ਵਿੱਚ ਨਹੀਂ ਮਨਾਉਂਦੇ। ਤਾਂ ਜਰੂਰ ਸੰਗਮ ਤੇ ਹੀ ਆਉਂਦੇ ਹੋਣਗੇ। ਇਹ ਗੱਲਾਂ ਤੁਸੀਂ ਸਮਝਦੇ ਜਾਂਦੇ ਹੋ ਅਤੇ ਸਮਝਾਉਂਦੇ ਰਹਿੰਦੇ ਹੋ। ਜੋ ਸਮਝਾਉਣ ਵਾਲੇ ਬਾਪ ਦੀ ਮਹਿਮਾ ਹੈ, ਉਹ ਬੱਚਿਆਂ ਦੀ ਹੋਣੀ ਚਾਹੀਦੀ ਹੈ। ਤੁਹਾਨੂੰ ਵੀ ਮਾਸਟਰ ਗਿਆਨ ਦਾ ਸਾਗਰ ਬਣਨਾ ਹੈ। ਪ੍ਰੇਮ ਦਾ ਸਾਗਰ, ਸੁੱਖ ਦਾ ਸਾਗਰ ਇੱਥੇ ਬਣਨਾ ਹੈ। ਕਿਸੇ ਨੂੰ ਦੁੱਖ ਨਹੀਂ ਦੇਣਾ ਹੈ। ਬਹੁਤ ਮਿੱਠਾ ਬਣਨਾ ਹੈ। ਤੁਸੀਂ ਜੋ ਕੜਵੇ ਇੱਕਦਮ ਜਹਿਰ ਮਿਸਲ ਸੀ, ਸੋ ਤੁਸੀਂ ਵਾਈਸਲੈਸ ਬ੍ਰਾਹਮਣ ਬਣ ਰਹੇ ਹੋ। ਈਸ਼ਵਰ ਦੀ ਸੰਤਾਨ ਬਣ ਰਹੇ ਹੋ। ਵਿਸ਼ਸ਼ ਤੋਂ ਵਾਈਸਲੈਸ ਦੇਵਤਾ ਬਣ ਰਹੇ ਹੋ। ਅੱਧਾਕਲਪ ਤੁਸੀਂ ਪਤਿਤ ਬਣਦੇ - ਬਣਦੇ ਹੁਣ ਬਿਲਕੁਲ ਜੜਜੜੀਭੂਤ ਅਵਸਥਾ ਨੂੰ ਪਾਏ ਹੋਏ ਹੋ। ਸੜੇ ਹੋਏ ਕਪੜਿਆ ਨੂੰ ਸਟਕਾ ਲਗਾਉਣ ਨਾਲ ਫੱਟ ਕੇ ਚੀਰ - ਚੀਰ ਹੋ ਜਾਂਦੇ ਹਨ। ਇੱਥੇ ਵੀ ਗਿਆਨ ਦੇ ਸਟਕੇ ਲਗਾਓ ਤਾਂ ਪੁਰਜਾ - ਪੁਰਜਾ ਹੋ ਜਾਂਦੇ ਹਨ। ਕੋਈ ਕਪੜਾ ਇਵੇਂ ਮੈਲਾ ਹੈ ਜੋ ਸਾਫ ਕਰਨ ਵਿੱਚ ਬਹੁਤ ਟਾਈਮ ਲੱਗਦਾ ਹੈ। ਫਿਰ ਉੱਥੇ ਵੀ ਹਲਕੀ ਪਦਵੀ ਮਿਲ ਜਾਂਦੀ ਹੈ। ਬਾਬਾ ਧੋਬੀ ਹੈ। ਤੁਸੀਂ ਵੀ ਨਾਲ ਵਿੱਚ ਮਦਦਗਾਰ ਹੋ। ਧੋਬੀ ਵੀ ਨੰਬਰਵਾਰ ਹੁੰਦੇ ਹਨ। ਇੱਥੇ ਵੀ ਨੰਬਰਵਾਰ ਹੈ। ਧੋਬੀ ਚੰਗੇ ਕਪੜੇ ਸਾਫ ਨਾ ਕਰੇ ਤਾਂ ਕਹਿਣਗੇ ਨਾ ਕਿ ਇਹ ਤਾਂ ਜਿਵੇਂ ਹਜ਼ਾਮ ਹੈ। ਅੱਜਕਲ ਕਪੜੇ ਸਾਫ ਧੁਲਾਣੇ ਸਿੱਖੇ ਹਨ। ਅੱਗੇ ਪਿੰਡਾਂ ਵਿੱਚ ਤਾਂ ਬਹੁਤ ਮੈਲੇ ਕਪੜੇ ਧੁਲਾਈ ਹੁੰਦੇ ਸੀ। ਇਹ ਹੁਨਰ ਵੀ ਬਾਹਰ ਵਾਲਿਆਂ ਤੋਂ ਆਇਆ ਹੈ। ਬਾਹਰ ਵਾਲੇ ਕੁਝ ਇੱਜਤ ਦਿੰਦੇ ਹਨ। ਪੈਸੇ ਆਦਿ ਦੀ ਮਦਦ ਕਰਦੇ ਹਨ। ਜਾਣਦੇ ਹਨ ਇਹ ਬਹੁਤ ਵੱਡੀ ਬਿਰਾਦਰੀ ਵਾਲੇ ਹਨ। ਹੁਣ ਥੱਲੇ ਡਿੱਗੇ ਹਨ। ਡਿੱਗਣ ਵਾਲਿਆਂ ਤੇ ਤਰਸ ਪੈਂਦਾ ਹੈ ਨਾ। ਬਾਪ ਕਹਿੰਦੇ ਤੁਹਾਨੂੰ ਕਿੰਨਾ ਧਨਵਾਨ ਬਣਾਇਆ ਸੀ। ਮਾਇਆ ਨੇ ਕੀ ਹਾਲਤ ਕਰ ਦਿੱਤੀ ਹੈ। ਤੁਸੀਂ ਹੁਣ ਸਮਝਦੇ ਹੋ ਅਸੀਂ ਵਿਜਯ ਮਾਲਾ ਦੇ ਸੀ, ਫਿਰ 84 ਜਨਮ ਲੈ ਕੀ ਜਾਕੇ ਬਣੇ ਹਾਂ। ਵੰਡਰ ਹੈ ਨਾ। ਤੁਸੀਂ ਸਮਝਾ ਸਕਦੇ ਹੋ, ਤੁਸੀਂ ਭਾਰਤਵਾਸੀ ਤਾਂ ਸਵਰਗਵਾਸੀ ਸੀ। ਮਨਮਨਾਭਵ। ਸ਼ਿਵ ਭਗਵਾਨੁਵਾਚ ਮਾਮੇਕਮ ਯਾਦ ਕਰੋ। ਯਾਦ ਦੀ ਯਾਤਰਾ ਨਾਲ ਤੁਹਾਡੇ ਸਭ ਪਾਪ ਨਸ਼ਟ ਹੋ ਜਾਣਗੇ। ਸ਼ਾਸਤਰਾਂ ਵਿੱਚ ਲਿਖਿਆ ਹੈ - ਕ੍ਰਿਸ਼ਨ ਨੇ ਭਜਾਇਆ, ਪਟਰਾਣੀ ਬਣਾਉਣ ਲਈ। ਤੁਸੀਂ ਸਭ ਪੜ੍ਹ ਰਹੇ ਹੋ, ਪਟਰਾਣੀ ਬਣ ਰਹੇ ਹੋ। ਪਰ ਇਨ੍ਹਾਂ ਗੱਲਾਂ ਨੂੰ ਕੋਈ ਸਮਝ ਨਹੀਂ ਸਕਦੇ ਹਨ। ਹੁਣ ਬਾਪ ਨੇ ਆਕੇ ਬੱਚਿਆਂ ਨੂੰ ਸਮਝਾਇਆ ਹੈ। ਬਾਪ ਕਹਿੰਦੇ ਹਨ ਮੈਂ ਕਲਪ - ਕਲਪ ਤੁਹਾਨੂੰ ਸਮਝਾਉਣ ਆਉਂਦਾ ਹਾਂ ਤਾਂ ਪਹਿਲੇ ਭਗਵਾਨ ਇੱਕ ਹੈ, ਇਹ ਸਿੱਧ ਕਰ ਫਿਰ ਦੱਸੋ ਗੀਤਾ ਦਾ ਭਗਵਾਨ ਕੌਣ ਹੈ। ਰਾਜਯੋਗ ਕਿਸ ਨੇ ਸਿਖਾਇਆ ਹੈ, ਭਗਵਾਨ ਹੀ ਬ੍ਰਹਮਾ ਦਵਾਰਾ ਸਥਾਪਨਾ ਕਰਵਾਉਂਦੇ ਹਨ ਅਤੇ ਵਿਨਾਸ਼ ਫਿਰ ਪਾਲਣਾ ਕਰਵਾਉਂਦੇ ਹਨ। ਇਹ ਜੋ ਬ੍ਰਾਹਮਣ ਹਨ ਉਹ ਹੀ ਫਿਰ ਦੇਵਤਾ ਬਣਦੇ ਹਨ। ਇਹ ਗੱਲਾਂ ਸਮਝ ਵਿੱਚ ਉਨ੍ਹਾਂ ਨੂੰ ਆਉਣਗੀਆਂ ਜਿਨ੍ਹਾਂ ਨੇ ਕਲਪ ਪਹਿਲੇ ਸਮਝਿਆ ਹੈ। ਸੈਕਿੰਡ ਬਾਈ ਸੈਕਿੰਡ ਜੋ ਹੋਇਆ ਇਸ ਸਮੇਂ ਤੱਕ ਸਮਝਣਗੇ। ਡਰਾਮੇ ਵਿੱਚ ਤੁਹਾਨੂੰ ਬਹੁਤ ਪੁਰਸ਼ਾਰਥ ਕਰਨਾ ਹੈ। ਇਹ ਤਾਂ ਬੱਚੇ ਸਮਝਦੇ ਹਨ ਹੁਣ ਸਾਡੀ ਇਹ ਅਵਸਥਾ ਨਹੀਂ ਹੋਈ ਹੈ। ਟਾਈਮ ਲੱਗੇਗਾ। ਕਰਮਾਤੀਤ ਅਵਸਥਾ ਹੋ ਜਾਵੇ ਤਾਂ ਫਿਰ ਸਭ ਨੰਬਰਵਾਰ ਪਾਸ ਹੋ ਜਾਣ ਫਿਰ ਤਾਂ ਲੜਾਈ ਵੀ ਲੱਗ ਜਾਂਦੀ। ਆਪਸ ਵਿੱਚ ਖਿਟਪਿਟ ਚਲਦੀ ਰਹਿੰਦੀ ਹੈ। ਤੁਸੀਂ ਜਾਣਦੇ ਹੋ ਜਿੱਥੇ ਕਿਥੇ ਵੇਖੋ ਲੜਨ ਦੀ ਤਿਆਰੀਆਂ ਕਰ ਰਹੇ ਹਨ। ਸਾਰੇ ਪਾਸੇ ਤਿਆਰੀਆਂ ਕਰ ਰਹੇ ਹਨ। ਤੁਸੀਂ ਜੋ ਕੁਝ ਦਿਵਯ ਦ੍ਰਿਸ਼ਟੀ ਨਾਲ ਵੇਖਿਆ ਹੈ ਉਹ ਫਿਰ ਇਨ੍ਹਾਂ ਅੱਖਾਂ ਨਾਲ ਵੇਖਣਾ ਹੈ। ਵਿਨਾਸ਼ ਦਾ ਸਾਖ਼ਸ਼ਾਤਕਾਰ ਕੀਤਾ ਹੈ ਫਿਰ ਉਵੇਂ ਹੀ ਅੱਖਾਂ ਨਾਲ ਵੇਖੋਗੇ। ਸਥਾਪਨਾ ਦਾ ਵੀ ਸਾਖਸ਼ਤਕਾਰ ਕੀਤਾ ਹੈ ਫਿਰ ਪ੍ਰੈਕਟੀਕਲ ਵਿੱਚ ਰਾਜਾਈ ਵੀ ਵੇਖੋਗੇ। ਤੁਸੀਂ ਬੱਚਿਆਂ ਨੂੰ ਤਾਂ ਬਹੁਤ ਖੁਸ਼ੀ ਹੋਣੀ ਚਾਹੀਦੀ ਹੈ। ਇਹ ਤਾਂ ਪੁਰਾਣਾ ਤਨ ਹੈ। ਯੋਗ ਨਾਲ ਆਤਮਾ ਪਵਿੱਤਰ ਬਣ ਜਾਵੇਗੀ, ਫਿਰ ਇਹ ਪੁਰਾਣਾ ਸ਼ਰੀਰ ਵੀ ਛੱਡਣਾ ਹੈ। 84 ਜਨਮਾਂ ਦਾ ਚੱਕਰ ਪੂਰਾ ਹੁੰਦਾ ਹੈ ਫਿਰ ਜਰੂਰ ਸਭ ਨੂੰ ਨਵੇਂ ਸ਼ਰੀਰ ਮਿਲਣਗੇ। ਇਹ ਵੀ ਸਮਝਣ ਦੀਆਂ ਬਹੁਤ ਸਹਿਜ ਗੱਲਾਂ ਹਨ। ਸਮਝਾ ਵੀ ਸਕਦੇ ਹੋ, ਕਲਯੁਗ ਦੇ ਬਾਦ ਸਤਿਯੁਗ ਜਰੂਰ ਹੋਵੇਗਾ। ਕਈਆਂ ਧਰਮਾਂ ਦਾ ਵਿਨਾਸ਼ ਜਰੂਰ ਹੋਵੇਗਾ। ਫਿਰ ਆਦਿ ਸਨਾਤਨ ਦੇਵੀ ਦੇਵਤਾ ਧਰਮ ਦੀ ਸਥਾਪਨਾ ਅਰਥ ਬਾਪ ਨੂੰ ਆਉਣਾ ਪਵੇ। ਹੁਣ ਤੁਸੀਂ ਬ੍ਰਾਹਮਣ ਬਣੇ ਹੋ ਦੇਵਤਾ ਬਣਨ ਦੇ ਲਈ। ਦੂਜੇ ਕੋਈ ਹੋ ਨਾ ਸਕਣ। ਤੁਸੀਂ ਜਾਣਦੇ ਹੋ ਅਸੀਂ ਸ਼ਿਵਬਾਬਾ ਦੇ ਬਣੇ ਹਾਂ, ਸ਼ਿਵਬਾਬਾ ਸਾਨੂੰ ਵਰਸਾ ਦੇ ਰਹੇ ਹਨ।

ਸ਼ਿਵ ਜਯੰਤੀ ਮਾਨਾ ਹੀ ਭਾਰਤ ਨੂੰ ਵਰਸਾ ਮਿਲਿਆ। ਸ਼ਿਵਬਾਬਾ ਆਇਆ, ਕੀ ਆਕੇ ਕੀਤਾ। ਇਸਲਾਮੀ, ਬੋਧੀ ਆਦਿ ਨੇ ਤਾਂ ਆਕੇ ਆਪਣਾ ਧਰਮ ਸਥਾਪਨ ਕੀਤਾ। ਬਾਪ ਨੇ ਆਕੇ ਕੀ ਕੀਤਾ? ਜਰੂਰ ਸ੍ਵਰਗ ਦੀ ਸਥਾਪਨਾ ਕੀਤੀ। ਕਿਵੇਂ ਸਥਾਪਨਾ ਕੀਤੀ, ਕਿਵੇਂ ਸਥਾਪਨਾ ਹੁੰਦੀ ਹੈ ਸੋ ਤੁਸੀਂ ਹੁਣ ਜਾਣਦੇ ਹੋ। ਫਿਰ ਸਤਿਯੁਗ ਵਿੱਚ ਸਭ ਭੁੱਲ ਜਾਵੋਗੇ। ਇਹ ਵੀ ਸਮਝਦੇ ਹੋ 21 ਜਨਮਾਂ ਦਾ ਵਰਸਾ

ਹੁਣ ਅਸੀਂ ਲੈ ਲੈਂਦੇ ਹਾਂ ਇਹ ਡਰਾਮੇ ਵਿੱਚ ਨੂੰਧ ਹੈ। ਭਾਵੇਂ ਉੱਥੇ ਸਮਝਣਗੇ ਇਹ ਬਾਪ ਹੈ, ਇਹ ਬੱਚਾ ਹੈ, ਬੱਚੇ ਨੂੰ ਵਰਸਾ ਮਿਲਦਾ ਹੈ ਪਰ ਇਹ ਪ੍ਰਾਲੱਬਧ ਹੈ ਹੁਣ ਦੀ। ਸੱਚੀ ਕਮਾਈ ਕਰ 21 ਜਨਮਾਂ ਦੇ ਲਈ ਤੁਸੀਂ ਵਰਸਾ ਹੁਣ ਪਾ ਰਹੇ ਹੋ। 84 ਜਨਮ ਤੇ ਲੈਣੇ ਹੀ ਹਨ। ਸਤੋਪ੍ਰਧਾਨ ਤੋਂ ਫਿਰ ਸਤੋ ਰਜੋ ਤਮੋ ਵਿੱਚ ਆਓਣਗੇ। ਇਹ ਚੰਗੀ ਤਰ੍ਹਾਂ ਯਾਦ ਕਰਨ ਨਾਲ ਫਿਰ ਖੁਸ਼ੀ ਵੀ ਰਹੇਗੀ। ਸਮਝਾਉਣ ਵਿੱਚ ਬੜੀ ਮਿਹਨਤ ਲੱਗਦੀ ਹੈ ਜਦੋ ਸਮਝ ਜਾਂਦੇ ਹਨ ਤਾਂ ਉਨ੍ਹਾਂ ਨੂੰ ਬੜੀ ਖੁਸ਼ੀ ਹੁੰਦੀ ਹੈ। ਜੋ ਬੱਚੇ ਚੰਗੀ ਤਰ੍ਹਾਂ ਸਮਝਦੇ ਹਨ ਉਹ ਫਿਰ ਬਹੁਤਿਆਂ ਨੂੰ ਸਮਝਾਉਂਦੇ ਰਹਿੰਦੇ ਹਨ ਕੰਡਿਆਂ ਨੂੰ ਫੁਲ ਬਣਾਉਂਦੇ ਰਹਿੰਦੇ ਹਨ। ਇਹ ਹੈ ਬੇਹੱਦ ਦੀ ਪੜ੍ਹਾਈ। ਵਰਸਾ ਵੀ ਬੇਹੱਦ ਦਾ ਮਿਲਦਾ ਹੈ। ਫਿਰ ਇਸ ਵਿੱਚ ਤਿਆਗ ਵੀ ਬੇਹੱਦ ਦਾ ਹੈ। ਫਿਰ ਗ੍ਰਹਿਸਥ ਵਿਵਹਾਰ ਵਿੱਚ ਰਹਿੰਦੇ ਸਾਰੀ ਦੁਨੀਆਂ ਦਾ ਤਿਆਗ ਕਰਨਾ ਹੈ। ਕਿਓਂਕਿ ਤੁਸੀਂ ਜਾਣਦੇ ਹੋ ਇਹ ਪੁਰਾਣੀ ਦੁਨੀਆਂ ਖਤਮ ਹੋਣੀ ਹੈ। ਹੁਣ ਨਵੀਂ ਦੁਨੀਆਂ ਵਿੱਚ ਜਾਣਾ ਹੈ ਇਸਲਈ ਬੇਹੱਦ ਦਾ ਸੰਨਿਆਸ ਕਰਵਾਉਂਦੇ ਹਨ। ਸੰਨਿਆਸੀਆਂ ਦਾ ਹੈ ਹੱਦ ਦਾ ਸੰਨਿਆਸ ਅਤੇ ਉਨ੍ਹਾਂ ਦਾ ਹੈ ਹਠਯੋਗ। ਇਸ ਵਿੱਚ ਹਠ ਦੀ ਗੱਲ ਨਹੀਂ ਰਹਿੰਦੀ ਇਹ ਤਾਂ ਪੜ੍ਹਾਈ ਹੈ, ਪਾਠਸ਼ਾਲਾ ਵਿੱਚ ਪੜ੍ਹਨਾ ਹੈ ਮਨੁੱਖ ਤੋਂ ਦੇਵਤਾ ਬਣਨ ਦੇ ਲਈ ਸ਼ਿਵ ਭਗਵਾਨੁਵਾਚ - ਕ੍ਰਿਸ਼ਨ ਹੋ ਨਾ ਸਕੇ। ਕ੍ਰਿਸ਼ਨ ਨਵੀਂ ਦੁਨੀਆਂ ਬਣਾ ਨਹੀਂ ਸਕਦਾ। ਉਨ੍ਹਾਂ ਨੂੰ ਹੈਵਨਲੀ ਗੋਡ ਫਾਦਰ ਨਹੀਂ ਕਹਾਂਗੇ। ਹੈਵਿਨਲੀ ਪ੍ਰਿੰਸ ਕਹਾਂਗੇ ਤਾਂ ਕਿੰਨੀ ਮਿੱਠੀਆਂ - ਮਿੱਠੀਆਂ ਗੱਲਾਂ ਸਮਝਣ ਦੀਆਂ ਅਤੇ ਧਾਰਨ ਕਰਨ ਦੀਆਂ ਹਨ। ਦੈਵੀ ਲੱਛਣ ਵੀ ਚਾਹੀਦੇ ਹਨ। ਕਦੇ ਵੀ ਸੁਣੀ ਸੁਣਾਈ ਗੱਲਾਂ ਤੇ ਨਹੀਂ ਲੱਗਣਾ ਚਾਹੀਦਾ ਹੈ। ਵਿਆਸ ਦੀਆਂ ਲਿਖੀਆਂ ਹੋਇਆ ਗੱਲਾਂ ਤੇ ਲੱਗਦੇ - ਲੱਗਦੇ ਬੁਰੀ ਗਤੀ ਹੋਈ ਹੈ ਨਾ। ਸਿਵਾਏ ਗਿਆਨ ਦੇ ਹੋਰ ਕੁਝ ਸੁਣਾਉਂਦੇ ਹਨ ਤਾਂ ਸਮਝੋ ਇਹ ਸਾਡਾ ਦੁਸ਼ਮਣ ਹੈ। ਦੁਰਗਤੀ ਵਿੱਚ ਲੈ ਜਾਂਦੇ ਹਨ। ਕਦੀ ਵੀ ਪਰਮਤ ਤੇ ਨਹੀਂ ਲੱਗਣਾ ਚਾਹੀਦਾ। ਪਰਮਤ ਤੇ, ਮਨਮਤ ਤੇ ਚੱਲਿਆ ਤੇ ਇਹ ਮਰਿਆ ਹੈ। ਬਾਪ ਸਮਝਾਉਂਦੇ ਰਹਿੰਦੇ ਹਨ ਝੂਠੀਆਂ ਗੱਲਾਂ ਬੋਲਣ ਵਾਲੇ ਤਾਂ ਬਹੁਤ ਹਨ। ਤੁਹਾਨੂੰ ਬਾਪ ਤੋਂ ਹੀ ਸੁਣਨਾ ਹੈ। ਹਿਯਰ ਨੋ ਇਵਿਲ ਸੀ ਨੋ ਇਵਿਲ… ਬਾਪ ਦਾਦਾ ਆਏ ਹੀ ਹਨ ਮਨੁੱਖ ਤੋਂ ਦੇਵਤਾ ਬਣਾਉਣ ਤਾਂ ਉਨ੍ਹਾਂ ਦੀ ਸ਼੍ਰੀਮਤ ਤੇ ਚਲਣਾ ਚਾਹੀਦਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਇੱਥੇ ਬਾਪ ਸਮਾਨ ਸੁੱਖ ਦਾ ਸਾਗਰ, ਪਿਆਰ ਦਾ ਸਾਗਰ ਬਣਨਾ ਹੈ। ਸਰਵਗੁਣ ਧਾਰਨ ਕਰਨੇ ਹਨ। ਕਿਸੇ ਨੂੰ ਵੀ ਦੁੱਖ ਨਹੀਂ ਦੇਣਾ ਹੈ।

2. ਸੁਣੀਆਂ - ਸੁਣਾਈਆ ਗੱਲਾਂ ਤੇ ਕਦੇ ਵੀ ਵਿਸ਼ਵਾਸ ਨਹੀਂ ਕਰਨਾ ਹੈ। ਪਰਮਤ ਤੇ ਨਹੀਂ ਚਲਣਾ ਹੈ। ਹਿਯਰ ਨੋ ਇਵਿਲ, ਸੀ ਨੋ ਇਵਿਲ...।

ਵਰਦਾਨ:- ਮੈਂਪਨ ਦੇ ਬੋਝ ਨੂੰ ਖਤਮ ਕਰ ਪ੍ਰਤੱਖਫਲ ਦਾ ਅਨੁਭਵ ਕਰਨ ਵਾਲੇ ਬਾਲਿਕ ਸੋ ਮਾਲਿਕ ਭਵ।

ਜਦੋਂ ਕਿਸੇ ਵੀ ਤਰ੍ਹਾਂ ਦਾ ਮੈਂਪਨ ਆਉਂਦਾ ਹੈ ਤਾਂ ਬੋਝ ਸਿਰ ਤੇ ਆ ਜਾਂਦਾ ਹੈ। ਲੇਕਿਨ ਜਦੋਂ ਬਾਪ ਆਫਰ ਕਰ ਰਹੇ ਹਨ ਕਿ ਸਭ ਬੋਝ ਮੈਨੂੰ ਦੇ ਦੇਵੋ ਤੁਸੀਂ ਸਿਰਫ ਨੱਚੋ, ਉੱਡੋ… ਫਿਰ ਇਹ ਕੁਵਸ਼ਚੰਨ ਕਿਉਂ - ਕਿ ਸਰਵਿਸ ਕਿਵੇਂ ਹੋਵੇਗੀ, ਭਾਸ਼ਣ ਕਿਵੇਂ ਕਰੇਂਗੇ - ਤੁਸੀਂ ਸਿਰਫ ਨਿਮਿਤ ਸਮਝਕੇ ਕੁਨੈਕਸ਼ਨ ਪਾਵਰ ਹਾਊਸ ਨਾਲ ਜੋੜਕੇ ਬੈਠ ਜਾਵੋ, ਦਿਲਸ਼ਿਕਸਤ ਨਹੀਂ ਬਣੋ ਤਾਂ ਬਾਪਦਾਦਾ ਸਭ ਕੁਝ ਆਪੇ ਹੀ ਕਰਵਾ ਦੇਣਗੇ। ਬਾਲਿਕ ਸੋ ਮਾਲਿਕ ਸਮਝਕੇ ਸ੍ਰੇਸ਼ਠ ਸਟੇਜ ਤੇ ਸਥਿਤ ਰਹੋ ਤਾਂ ਪ੍ਰਤੱਖ ਫਲ ਦੀ ਅਨੁਭੂਤੀ ਕਰਦੇ ਰਹੋਗੇ।

ਸਲੋਗਨ:- ਗਿਆਨ ਦਾਨ ਦੇ ਨਾਲ - ਨਾਲ ਗੁਣਦਾਨ ਕਰੋ ਤਾਂ ਸਫਲਤਾ ਮਿਲਦੀ ਰਹੇਗੀ।

******

ਇਹ ਅਵਿਅਕਤ ਇਸ਼ਾਰੇ - "ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਤ ਕਰ ਸਦਾ ਨਿਰਭੇ ਅਤੇ ਨਿਸ਼ਚਿੰਤ ਰਹੋ"

ਕਿਵੇਂ ਦੀ ਵੀ ਵੱਡੀ ਪ੍ਰਸਥਿਤੀ ਜਿਵੇਂ ਲੇਕਿਨ ਖੇਲ ਸਮਝਣ ਨਾਲ ਕਠਿਨ ਸਮੱਸਿਆ ਵੀ ਹਲਕੀ ਬਣ ਜਾਂਦੀ ਹੈ। ਕਈ ਬੱਚਿਆਂ ਵਿੱਚ ਹਿੰਮਤ ਹੈ ਇਸਲਈ ਕੋਈ ਵੀ ਗਲ ਹੁੰਦੀ ਹੈ ਤਾਂ ਕਹਿੰਦੇ ਹਨ - ਹਾਂ ਕਰਾਂਗੇ, ਸੋਚਾਂਗੇ। ਹਿੰਮਤ ਤਾਂ ਹੈ, ਲੇਕਿਨ ਫੇਥ ਨਹੀਂ ਹੈ। ਫੇਥਫੁੱਲ ਦਾ ਅਰਥ ਹੀ ਹੈ - ਮਨ, ਵਕਨ, ਕਰਮ। ਹਰ ਗਲ ਵਿੱਚ ਨਿਸ਼ਚੇਬੁੱਧੀ, ਉਨ੍ਹਾਂ ਦੇ ਮੂੰਹ ਤੋਂ ਕਦੇ ਹਿੰਮਤਹੀਨ ਬਨਾਉਣ ਵਾਲੇ ਸ਼ਬਦ ਨਹੀਂ ਨਿਕਲ ਸਕਦੇ।